# ਤਬਾਹੀ ਸਹਾਇਤਾ
## ਪਸ਼ੂਧਨ ਮੁਆਵਜ਼ਾ ਪ੍ਰੋਗਰਾਮ

### ਸੰਖੇਪ

2018 ਦਾ ਖੇਤੀਬਾੜੀ ਸੁਧਾਰ ਕਾਨੂੰਨ (2018 ਫ਼ਾਰਮ ਬਿੱਲ), ਪਸ਼ੂਧਨ ਮੁਆਵਜ਼ਾ ਪ੍ਰੋਗਰਾਮ (LIP) ਨੂੰ ਅਖ਼ਤਿਆਰ ਦਿੰਦਾ ਹੈ ਕਿ ਇਹ ਪ੍ਰੋਗਰਾਮ ਯੋਗ ਨੁਕਸਾਨ ਦੀਆਂ ਸਥਿਤੀਆਂ ਕਰਕੇ ਆਮ ਮ੍ਰਿਤੂ-ਦਰ ਤੋਂ ਵੱਧ ਪਸ਼ੂਆਂ ਦੀ ਮੌਤ ਲਈ ਪਸ਼ੂਆਂ ਦੇ ਯੋਗ ਮਾਲਕਾਂ ਅਤੇ ਕੰਟ੍ਰੈਕਟ ਉਤਪਾਦਕਾਂ ਨੂੰ ਲਾਭ ਉਪਲਬਧ ਕਰਾਉਣ, ਇਹਨਾਂ ਸਥਿਤੀਆਂ ਵਿੱਚ ਯੋਗ ਅਤਿ ਦਾ ਖ਼ਰਾਬ ਮੌਸਮ, ਯੋਗ ਬਿਮਾਰੀ ਅਤੇ ਜਾਨਵਰਾਂ ਦੇ ਹਮਲੇ ਨੂੰ ਵੇਖਦਿਆਂ ਫ਼ੈਡਰਲ ਸਰਕਾਰ ਵਲੋਂ ਜੰਗਲਾਂ ਸਬੰਧੀ ਕਾਨੂੰਨ ਨੂੰ ਫਿਰ ਤੋਂ ਪੇਸ਼ ਕੀਤਾ ਗਿਆ ਸੀ ਜਾਂ ਫ਼ੈਡਰਲ ਕਾਨੂੰਨ ਵਲੋਂ ਸੁਰੱਖਿਅਤ ਕੀਤਾ ਗਿਆ ਸੀ, ਇਸ ਵਿੱਚ ਭੇੜੀਏ ਅਤੇ ਪੰਛੀਆਂ ਦੇ ਸ਼ਿਕਾਰੀ ਸ਼ਾਮਲ ਹਨ। ਇਸ ਤੋਂ ਅਲਾਵਾ, LIP ਉਹਨਾਂ ਪਸ਼ੂਆਂ ਦੇ ਯੋਗ ਮਾਲਕਾਂ ਨੂੰ ਸਹਾਇਤਾ ਦਿੰਦਾ ਹੈ, ਜਿਹਨਾਂ ਨੂੰ ਯੋਗ ਨੁਕਸਾਨ ਦੀ ਸਥਿਤੀ ਕਰਕੇ ਜ਼ਖ਼ਮੀ ਹੋਣ ਵਾਲੇ ਪਸ਼ੂਆਂ ਨੂੰ ਘੱਟ ਕੀਮਤ 'ਤੇ ਲਾਜ਼ਮੀ ਵੇਚਣਾ ਪੈਂਦਾ ਹੈ।

U.S. ਖੇਤੀਬਾੜੀ ਵਿਭਾਗ (USDA) ਫ਼ਾਰਮ ਸਰਵਿਸ ਏਜੰਸੀ (FSA) LIP ਦਾ ਪ੍ਰਬੰਧ ਕਰਦੀ ਹੈ। ਯੋਗ ਨੁਕਸਾਨ ਦੀ ਸਥਿਤੀ ਅਤੇ ਆਪਣੇ ਆਪ ਵਾਪਰਣ ਵਾਲੀ ਘਟਨਾ – ਯੋਗ ਪਸ਼ੂਆਂ ਦੇ ਨੁਕਸਾਨਾਂ ਲਈ ਯੋਗਤਾ ਨੂੰ ਨਿਰਧਾਰਤ ਨਹੀਂ ਕਰਦੀ। ਪਸ਼ੂਆਂ ਦੇ ਮਾਲਕ ਜਾਂ ਕੰਟ੍ਰੈਕਟ ਉਤਪਾਦਕ ਨੂੰ FSA ਲਈ ਪ੍ਰਵਾਣਯੋਗ ਸਬੂਤ ਜ਼ਰੂਰ ਮੁਹੱਈਆ ਕਰਨਾ ਚਾਹੀਦਾ ਹੈ ਕਿ ਇਹ ਨਾ ਸਿਰਫ਼ ਯੋਗ ਨੁਕਸਾਨ ਦਾ ਕਾਰਣ ਹੈ, ਬਲਕਿ ਸਿੱਧੇ ਨੁਕਸਾਨ ਜਾਂ ਮੌਤ ਦਾ ਕਾਰਣ ਬਣਿਆ ਸੀ।

ਮਾਲਕਾਂ ਲਈ LIP ਭੁਗਤਾਨ ਰਾਸ਼ਟਰੀ ਭੁਗਤਾਨ ਦਰਾਂ 'ਤੇ ਅਧਾਰਤ ਹੁੰਦੇ ਹਨ, ਜੋ ਕਿ USDA ਦੇ ਖੇਤੀਬਾੜੀ ਸਕੱਤਰ ਵਲੋਂ ਨਿਰਧਾਰਤ ਕੀਤੇ ਗਏ ਢੁਕਵੇਂ ਪਸ਼ੂਆਂ ਦੇ ਬਜ਼ਾਰ ਮੁੱਲ ਦਾ 75 ਫ਼ੀਸਦ ਹੁੰਦੇ ਹਨ। ਪੋਲਟਰੀ ਜਾਂ ਸੂਰਾਂ ਸਬੰਧੀ ਕੰਟ੍ਰੈਕਟ ਉਤਪਾਦਕਾਂ ਲਈ ਦਰਾਂ, ਮਾਲਕਾਂ ਲਈ ਨਿਰਧਾਰਤ ਦਰਾਂ ਤੋਂ ਵੱਧ ਨਹੀਂ ਹੋਣਗੀਆਂ, ਪਰ ਇਹ ਢੁਕਵੇਂ ਪਸ਼ੂਆਂ ਲਈ ਲਾਈਆਂ ਗਈਆਂ ਲਾਗਤਾਂ ਦੀ ਰਾਸ਼ਟਰੀ ਔਸਤ ਦੇ 75 ਫ਼ੀਸਦ 'ਤੇ ਅਧਾਰਤ ਹੁੰਦੀਆਂ ਹਨ।

2018 ਫ਼ਾਰਮ ਬਿਲ ਨੇ 2019 ਵਿੱਚ ਲਾਗੂ ਹੋਏ LIP ਨਾਲ ਸਬੰਧਿਤ ਕੁਝ ਪ੍ਰਬੰਧਾਂ ਵਿੱਚ ਤਰਮੀਮ ਕੀਤੀ ਹੈ। ਉਹਨਾਂ ਤਰਮੀਮਾਂ ਵਿੱਚ ਸ਼ਾਮਲ ਹਨ:

- ਕੜਾਕੇ ਦੀ ਠੰਡ ਕਰਕੇ ਪਸ਼ੂਆਂ ਦੀ ਮੌਤ ਦੇ ਨੁਕਸਾਨ ਨੂੰ ਟੀਕਾਕਰਣ ਦੇ ਪ੍ਰੋਟੋਕਾੱਲ ਜਾਂ ਟੀਕਾਕਰਣ ਦੀ ਕਮੀ ਨੂੰ ਧਿਆਨ ਵਿੱਚ ਰੱਖੇ ਬਿਨਾ ਯੋਗ ਨੁਕਸਾਨ ਮੰਨਿਆ ਜਾਂਦਾ ਹੈ; ਅਤੇ
- ਬਿਮਾਰੀਆਂ, ਜੋ ਕਿ ਵੈਕਟਰ ਕਰਕੇ ਹੋਈਆਂ ਹਨ ਜਾਂ ਫੈਲੀਆਂ ਹਨ ਅਤੇ ਟੀਕਾਕਰਣ ਜਾਂ ਢੁਕਵੀਂ ਪ੍ਰਬੰਧਕੀ ਪ੍ਰੈਕਟਿਸ ਨਾਲ ਕੰਟਰੋਲ ਨਹੀਂ ਕੀਤੀਆਂ ਗਈਆਂ, ਕਰਕੇ ਪਸ਼ੂਆਂ ਦੀ ਮੌਤ ਨਾਲ ਹੋਏ ਨੁਕਸਾਨ ਲਈ ਮੁਆਵਜ਼ਾ ਮੁਹੱਈਆ ਕਰਾਉਣਾ। ਇਹ ਬਿਮਾਰੀਆਂ ਪਹਿਲਾਂ ELAP ਵਿੱਚ ਸ਼ਾਮਲ ਸਨ।

### ਯੋਗ ਪਸ਼ੂਆਂ ਦੇ ਮਾਲਕ

**LIP ਲਈ ਯੋਗ ਹੋਣ ਲਈ:**

- ਪਸ਼ੂਆਂ ਦੀ ਮੌਤ ਅਤੇ/ਜਾਂ ਯੋਗ ਨੁਕਸਾਨ ਦੀ ਸਥਿਤੀ ਕਰਕੇ ਜ਼ਖ਼ਮੀ ਹੋਣ ਵਾਲੇ ਦਿਨ ਪਸ਼ੂਆਂ ਦੇ ਮਾਲਕ ਕੋਲ ਪਸ਼ੂਆਂ ਦੀ ਕਾਨੂੰਨੀ ਮਾਲਕੀ ਜ਼ਰੂਰ ਹੋਣੀ ਚਾਹੀਦੀ ਹੈ



- ਮਾਲਕ ਦੇ ਪਸ਼ੂ ਹੇਠਾਂ ਦਿੱਤੀ ਕਿਸੇ ਇੱਕ ਸਥਿਤੀ ਵਿੱਚ ਜ਼ਰੂਰ ਹੋਣੇ ਚਾਹੀਦੇ ਹਨ:
  - ਯੋਗ ਨੁਕਸਾਨ ਦੀ ਸਥਿਤੀ ਦੇ ਸਿੱਧੇ ਨਤੀਜੇ ਵਜੋਂ ਆਮ ਮ੍ਰਿਤੂ-ਦਰ ਨਾਲੋਂ ਵੱਧ ਮੌਤਾਂ ਹੋਈਆਂ,
  - ਜਾਂ ਪਸ਼ੂ ਯੋਗ ਨੁਕਸਾਨ ਦੀ ਸਥਿਤੀ ਦੇ ਸਿੱਧੇ ਨਤੀਜੇ ਵਜੋਂ ਜ਼ਖ਼ਮੀ ਹੋਏ ਹਨ ਅਤੇ ਘੱਟ ਕੀਮਤ 'ਤੇ ਵੇਚੇ ਗਏ ਸੀ।

**ਯੋਗ ਪਸ਼ੂ:**

- ਪਸ਼ੂਆਂ ਦੀ ਮੌਤ ਵਾਲੇ ਦਿਨ, ਉਹ ਖੇਤੀ ਦੇ ਕੰਮਾਂ ਦੇ ਹਿੱਸੇ ਵਜੋਂ ਕਾਰੋਬਾਰੀ ਕੰਮ ਵਿੱਚ ਜ਼ਰੂਰ ਲੱਗੇ ਹੋਣੇ ਚਾਹੀਦੇ ਹਨ; ਅਤੇ
- ਖੇਤੀ ਦੇ ਕੰਮਾਂ ਦੇ ਹਿੱਸੇ ਵਜੋਂ ਕਾਰੋਬਾਰੀ ਵਰਤੋਂ ਤੋਂ ਅਲਾਵਾ ਹੋਰਨਾਂ ਕਾਰਣਾਂ ਲਈ ਇਸਤੇਮਾਲ ਨਹੀਂ ਕੀਤੇ ਗਏ ਹੋਣੇ ਚਾਹੀਦੇ ਜਾਂ ਸੰਭਾਲਕੇ ਨਹੀਂ ਰੱਖੇ ਗਏ ਹੋਣੇ ਚਾਹੀਦੇ। ਪਸ਼ੂਆਂ ਨੂੰ ਛੱਡਕੇ, ਇਸ ਵਿੱਚ ਅਵਾਰਾ ਘੁੰਮਣ ਵਾਲੇ ਜੰਗਲੀ ਜਾਨਵਰ, ਪਾਲਤੂ ਜਾਨਵਰ ਜਾਂ ਮਨੋਰੰਜਨ ਕਰਨ ਦੇ ਉਦੇਸ਼ਾਂ, ਜਿਵੇਂ ਸ਼ਿਕਾਰ ਕਰਨਾ, ਰੱਸੀ ਦੇ ਫ਼ੰਦੇ ਨਾਲ ਜਾਨਵਰ (ਘੋੜੇ ਜਾਂ ਪਸ਼ੂ) ਫੜਣਾ ਜਾਂ ਸ਼ੋਅ ਲਈ ਇਸਤੇਮਾਲ ਕਰਨਾ ਸ਼ਾਮਲ ਹੈ।

LIP ਲਈ ਪਸ਼ੂਆਂ ਦੀਆਂ ਹੇਠਾਂ ਦਿੱਤੀਆਂ ਕਿਸਮਾਂ ਯੋਗ ਹੋ ਸਕਦੀਆਂ ਹਨ:

| ਪਸ਼ੂ | ਪੋਲਟਰੀ | ਸੂਰ | ਹੋਰ |
|---|---|---|---|
| ਮੀਟ ਲਈ ਬਾਲਗ਼ ਸਾਨ੍ਹ | ਡੇਅਰੀ ਵਾਲੇ ਨਾਬਾਲਗ਼ ਪਸ਼ੂ | ਦੁੱਧ ਚੁੰਘਣ ਵਾਲੇ ਛੋਟੇ/ਨਰਸਰੀ ਵਾਲੇ ਸੂਰ (50 ਪੌਂਡ ਤੋਂ ਘੱਟ) | ਅਲਪਾਕਾ |
| ਬੀਫ਼ ਲਈ ਬਾਲਗ਼ ਗਾਈਆਂ | ਚਿਕਨ, ਬ੍ਰਾੱਇਲਰ, ਪੱਠੀਆਂ ਕੁਕੜੀਆਂ (ਆਮ ਅਕਾਰ) (4.26 ਤੋਂ 6.25 ਪੌਂਡ) | ਸੂਰ, ਹਲਕੇ ਖੱਸੀ ਸੂਰ, ਛੋਟੀ ਸੂਰੀ (50 ਤੋਂ 150 ਪੌਂਡ) | ਹਿਰਨ |
| ਬਾਲਗ਼ ਮੱਝ/ਜੰਗਲੀ ਸਾਨ੍ਹ | ਚਿਕਨ, ਛੋਟੇ ਚਿਕਨ, ਆਂਡੇ ਦੇਣ ਵਾਲੀਆਂ ਕੁਕੜੀਆਂ | ਸੂਰ, ਸੂਰੀ, ਜੰਗਲੀ ਸੂਰ, | ਬਾਰਾਸਿੰਗਾ |
| ਬਾਲਗ਼ ਬੀਫ਼ੈਲੋ ਸਾਨ੍ਹ | ਚਿਕਨ, ਪੱਠੀਆਂ ਕੁਕੜੀਆਂ/ਕੌਰਨਿਸ਼ ਮੁਰਗੀਆਂ (ਛੋਟਾ ਅਕਾਰ) (4.26 ਪੌਂਡ ਤੋਂ ਘੱਟ) | ਹਲਕੇ ਖੱਸੀ ਸੂਰ, ਛੋਟੀ ਸੂਰੀ (151 ਤੋਂ 450 ਪੌਂਡ) | ਈਮੂ |
| ਬਾਲਗ਼ ਬੀਫ਼ੈਲੋ ਗਾਈਆਂ | ਰੋਸਟਰ (6.26 ਤੋਂ 7.75 ਪੌਂਡ) | ਸੂਰ, ਸੂਰੀ, ਜੰਗਲੀ ਸੂਰ (450 ਪੌਂਡ ਤੋਂ ਵੱਧ) | ਈਕੁਆਈਨ (ਘੋੜੇ ਵਰਗਾ ਜਾਨਵਰ) |
| ਬਾਲਗ਼ ਮੱਝ/ਜੰਗਲੀ ਗਾਈਆਂ ਬਾਲਗ਼ ਡੇਅਰੀ ਸਾਨ੍ਹ | ਸੁਪਰ ਰੋਸਟਰ/ਅੰਗ (7.76 ਪੌਂਡ ਜਾਂ ਵੱਧ) | | ਬਕਰੇ, ਬਾਰਾਸਿੰਗੇ ਵਰਗੇ ਬਕਰੇ, ਬਕਰੀਆਂ |
| ਡੇਅਰੀ ਵਾਲੀਆਂ ਬਾਲਗ਼ ਗਾਈਆਂ ਨਾਬਾਲਗ਼ ਬੀਫ਼ ਪਸ਼ੂ | ਬਤਖ਼ਾਂ, ਬਤਖ਼ਾਂ ਦੇ ਚੂਚੇ | | ਬਕਰੇ, ਬੁੱਚੜਖ਼ਾਨੇ ਲਈ ਬਕਰੇ/ਬਹੁਤ ਛੋਟੇ ਬਕਰੇ |
| ਨਾਬਾਲਗ਼ ਮੱਝ/ਜੰਗਲੀ ਸਾਨ੍ਹ ਨਾਬਾਲਗ਼ ਬੀਫ਼ੈਲੋ | ਬਤਖ਼ਾਂ, ਬਤਖ਼ਾਂ | | ਲਾਮਾ |
| | ਹੰਸ, ਹੰਸ ਦੇ ਚੂਚੇ | | ਸ਼ੁਤਰਮੁਰਗ਼ |
| | ਹੰਸ, ਹੰਸਨੀ | | ਰੇਂਡੀਅਰ |
| | ਟਰਕੀ, ਕੁਕੜੀ/ਬਤਖ਼ ਦਾ ਚੂਚਾ | | ਕੈਰੀਬੂ |
| | ਟਰਕੀ, ਨਰ ਟਰਕੀ, ਫ਼੍ਰਾਇਰ, ਰੋਸਟਰ | | ਭੇਡ, ਦੁੰਬਾ |
| | | | ਭੇਡ, ਭੇਡ |
| | | | ਭੇਡ, ਲੇਲਾ |

## ਯੋਗ ਪਸ਼ੂਆਂ ਸਬੰਧੀ ਇਕਰਾਰਨਾਮੇ ਵਾਲੇ ਉਤਪਾਦਕ (ਪੋਲਟਰੀ ਅਤੇ ਸੂਰ)

ਸਿਰਫ਼ ਪੋਲਟਰੀ ਅਤੇ ਸੂਰ ਪਸ਼ੂਆਂ ਦੀਆਂ ਉਹ ਕਿਸਮਾਂ ਹਨ, ਜਿਸ ਲਈ ਕੰਟ੍ਰੈਕਟ ਉਤਪਾਦਕ LIP ਹੇਠ ਯੋਗ ਹੋ ਸਕਦੇ ਹਨ।

LIP ਲਈ ਯੋਗ ਹੋਣ ਵਾਸਤੇ ਨੁਕਸਾਨ ਲਈ ਹੋਰ ਸਾਰੀਆਂ ਯੋਗਤਾ ਸ਼ਰਤਾਂ ਪੂਰੀਆਂ ਕਰਨ ਤੋਂ ਅਲਾਵਾ, ਪੋਲਟਰੀ ਜਾਂ ਸੂਰਾਂ ਸਬੰਧੀ ਕੰਟ੍ਰੈਕਟ ਉਤਪਾਦਕ ਕੋਲ ਹੇਠਾਂ ਦਿੱਤਾ ਜ਼ਰੂਰ ਹੋਣਾ ਚਾਹੀਦਾ ਹੈ:

- ਯੋਗ ਪਸ਼ੂਆਂ ਦਾ ਕਬਜ਼ਾ ਅਤੇ ਕੰਟਰੋਲ; ਅਤੇ
- ਪਸ਼ੂਆਂ ਦੇ ਉਤਪਾਦਨ ਸਬੰਧੀ ਸ਼ਾਮਲ ਧਿਰਾਂ ਦੇ ਵਿਸ਼ੇਸ਼ ਨੇਮ, ਸ਼ਰਤਾਂ ਅਤੇ ਜ਼ਿੰਮੇਵਾਰੀਆਂ ਤੈਅ ਕਰਨ ਲਈ ਯੋਗ ਪਸ਼ੂਆਂ ਦੇ ਮਾਲਕ ਨਾਲ ਲਿਖਤੀ ਸਮਝੌਤਾ।

ਕੰਟ੍ਰੈਕਟ ਉਤਪਾਦਕ ਜ਼ਖ਼ਮੀ ਪਸ਼ੂਆਂ ਲਈ LIP ਹੇਠ ਨੁਕਸਾਨਾਂ ਲਈ ਯੋਗ ਨਹੀਂ ਹਨ, ਜਿਹਨਾਂ ਨੇ ਯੋਗ ਨੁਕਸਾਨ ਦੀ ਸਥਿਤੀ ਕਰਕੇ ਉਹਨਾਂ ਨੂੰ ਘੱਟ ਕੀਮਤ 'ਤੇ ਵੇਚਿਆ ਸੀ।

## ਯੋਗ ਨੁਕਸਾਨ ਦੀਆਂ ਸਥਿਤੀਆਂ

ਇੱਕ ਯੋਗ ਨੁਕਸਾਨ ਦੀ ਸਥਿਤੀ ਵਿੱਚ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਸ਼ਾਮਲ ਹੈ ਕਿ ਜਿਹੜੇ ਲਾਭਾਂ ਲਈ ਬੇਨਤੀ ਕੀਤੀ ਗਈ ਹੈ, ਉਹ ਕੈਲੰਡਰ ਸਾਲ ਵਿੱਚ ਵਾਪਰੀ ਹੈ:

- ਯੋਗ ਅਤਿ ਦੇ ਖ਼ਰਾਬ ਮੌਸਮ ਦੀ ਘਟਨਾ;
- ਯੋਗ ਬਿਮਾਰੀ; ਅਤੇ
- ਯੋਗ ਹਮਲਾ।

ਯੋਗ ਅਤਿ ਦੇ ਖ਼ਰਾਬ ਮੌਸਮ ਦੀ ਘਟਨਾ ਦਾ ਮਤਲਬ ਹੈ, ਬਹੁਤ ਜ਼ਿਆਦਾ ਜਾਂ ਅਸਾਧਾਰਣ ਨੁਕਸਾਨ ਪਹੁੰਚਾਉਣ ਵਾਲਾ ਮੌਸਮ, ਇਹ ਘਟਨਾ ਉਸ ਸਮੇਂ ਵਾਪਰੀ ਸੀ, ਜਦੋਂ ਨੁਕਸਾਨ ਦੀ ਮਿਆਦ ਦੌਰਾਨ ਉਸਦੇ ਵਾਪਰਣ ਦੀ ਉਮੀਦ ਨਹੀਂ ਕੀਤੀ ਗਈ, ਜਿਸਦੇ ਸਿੱਧੇ ਨਤੀਜੇ ਵਜੋਂ ਯੋਗ ਪਸ਼ੂਆਂ ਦਾ ਨੁਕਸਾਨ ਹੋਇਆ ਹੈ। ਜਿਹਨਾਂ ਲਾਭਾਂ ਲਈ ਬੇਨਤੀ ਕੀਤੀ ਗਈ ਹੈ, ਇਹ ਘਟਨਾ ਉਸ ਕੈਲੰਡਰ ਸਾਲ ਵਿੱਚ ਇੱਕ ਯੋਗ ਅਤਿ ਦੇ ਖ਼ਰਾਬ ਮੌਸਮ ਵਿੱਚ ਜ਼ਰੂਰ ਵਾਪਰਣੀ ਚਾਹੀਦੀ ਹੈ: ਯੋਗ ਅਤਿ ਦੇ ਖ਼ਰਾਬ ਮੌਸਮ ਦੀਆਂ ਘਟਨਾਵਾਂ ਵਿੱਚ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ, ਫ਼ਾਰਮ ਦੇ ਪ੍ਰੋਗਰਾਮਾਂ ਬਾਰੇ FSA ਉਪ-ਪ੍ਰਸ਼ਾਸਕ ਜਾਂ ਡਿਜ਼ਾਈਨੀ ਵਲੋਂ ਨਿਰਧਾਰਤ ਕੀਤੇ ਗਏ ਅਨੁਸਾਰ, ਭੂਚਾਲ; ਗੜੇ ਪੈਣੇ; ਬਿਜਲੀ ਡਿਗਣੀ; ਤੇਜ਼ ਤੂਫ਼ਾਨ; ਤਪਤ-ਖੰਡੀ ਤੂਫ਼ਾਨ; ਹਨੇਰੀ; ਹਵਾ ਵਿਚਲੇ ਪ੍ਰਦੂਸ਼ਣ ਦਾ ਇੱਕ ਰੂਪ, ਜੋ ਸਿੱਧਿਆਂ ਜੁਆਲਾਮੁਖੀ ਫਟਣ ਨਾਲ ਸਬੰਧਿਤ ਹੈ; ਸਰਦੀਆਂ ਦਾ ਝੱਖੜ, ਜੋ ਲਗਾਤਾਰ ਤਿੰਨ ਦਿਨ ਰਹਿੰਦਾ ਹੈ ਅਤੇ ਤੇਜ਼ ਹਵਾਵਾਂ ਵਾਲਾ ਚੱਲਦੀਆਂ ਹਨ, ਬਰਫ਼ਾਨੀ ਮੀਂਹ ਜਾਂ ਓਲੇ ਡਿਗਣੇ, ਭਾਰੀ ਬਰਫ਼ਵਾਰੀ ਅਤੇ ਕੜਾਕੇ ਦੀ ਠੰਡ ਵਾਲੇ ਤਾਪਮਾਨ; ਝੱਖੜ-ਝਾਂਜਾ; ਹੜ੍ਹ; ਬਰਫ਼ਾਨੀ ਝੱਖੜ; ਜੰਗਲ ਦੀ ਅੱਗ; ਅਤਿ ਦੀ ਗਰਮੀ; ਕੜਾਕੇ ਦੀ ਠੰਡ; ਅਤੇ ਤੇਜ਼ ਤੂਫ਼ਾਨ ਨਾਲ ਸਿੱਧਿਆਂ ਹੇਠਾਂ ਆਉਣ ਵਾਲੀਆਂ ਹਵਾਵਾਂ। ਸੋਕਾ ਇੱਕ ਯੋਗ ਅਤਿ ਦੇ ਖ਼ਰਾਬ ਮੌਸਮ ਦੀ ਘਟਨਾ ਨਹੀਂ ਹੈ, ਜਦ ਤੱਕ ਇਹ ਐਨਥ੍ਰੈਕਸ ਨਾਲ ਨਾ ਜੁੜੀ ਹੋਵੇ, ਇਹ ਇੱਕ ਅਜਿਹੀ ਸਥਿਤੀ ਹੈ, ਜੋ ਸੋਕੇ ਕਰਕੇ ਵਾਪਰਦੀ ਹੈ ਅਤੇ ਨਤੀਜੇ ਵਜੋਂ ਯੋਗ ਪਸ਼ੂ ਮਰ ਜਾਂਦੇ ਹਨ।

ਯੋਗ ਬਿਮਾਰੀ ਦਾ ਮਤਲਬ ਇੱਕ ਅਜਿਹੀ ਬਿਮਾਰੀ ਤੋਂ ਹੈ, ਜੋ ਅਤਿ ਦੇ ਖ਼ਰਾਬ ਮੌਸਮ ਦੀ ਘਟਨਾ ਨਾਲ ਵਧ ਜਾਂਦੀ ਹੈ, ਜਿਸਦੇ ਨਤੀਜੇ ਵਜੋਂ ਸਿੱਧਿਆਂ ਯੋਗ ਪਸ਼ੂਆਂ ਦਾ ਨੁਕਸਾਨ ਹੁੰਦਾ ਹੈ, ਇਸ ਵਿੱਚ ਐਨਥ੍ਰੈਕਸ, ਸਾਇਨੋਬੈਕਟੀਰੀਆ (ਕੈਲੰਡਰ ਸਾਲ 2015 ਵਿੱਚ ਸ਼ੁਰੂਆਤ ਹੋਈ ਸੀ) ਅਤੇ ਲਾਕਸਪਰ ਜ਼ਹਿਰ ਫੈਲਣਾ (ਕੈਲੰਡਰ ਸਾਲ 2015 ਵਿੱਚ ਸ਼ੁਰੂਆਤ ਹੋਈ ਸੀ) ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਇਸ ਤੋਂ ਅਲਾਵਾ, ਯੋਗ ਬਿਮਾਰੀ ਦਾ ਮਤਲਬ ਹੈ, ਇੱਕ ਅਜਿਹੀ ਬਿਮਾਰੀ, ਜੋ ਵੈਕਟਰਾਂ ਕਰਕੇ ਹੁੰਦੀ ਹੈ ਅਤੇ/ਜਾਂ ਫੈਲਦੀ ਹੈ ਅਤੇ ਟੀਕਾਕਰਣ ਜਾਂ ਢੁਕਵੇਂ ਪ੍ਰਬੰਧਕੀ ਢੰਗ-ਤਰੀਕੇ ਉਪਲਬਧ ਨਹੀਂ ਹਨ, ਉਹਨਾਂ ਨੂੰ ਲਾਗੂ ਕੀਤਾ ਗਿਆ ਸੀ ਜਾਂ ਨਹੀਂ ਕੀਤਾ ਗਿਆ ਸੀ, ਜਿਸਦੇ ਨਤੀਜੇ ਵਜੋਂ ਆਮ ਮ੍ਰਿਤੂ-ਦਰ ਨਾਲੋਂ ਵੱਧ ਯੋਗ ਪਸ਼ੂਆਂ ਦੀ ਮੌਤ ਹੋਈ ਸੀ, ਇਸ ਵਿੱਚ ਜੀਭ ਨੀਲੀ ਹੋਣੀ, EHD ਅਤੇ CVV ਸ਼ਾਮਲ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ।

ਯੋਗ ਹਮਲੇ ਦਾ ਮਤਲਬ ਹੈ, ਜਾਨਵਰਾਂ ਦੇ ਹਮਲੇ ਨੂੰ ਫ਼ੈਡਰਲ ਸਰਕਾਰ ਵਲੋਂ ਜੰਗਲਾਂ ਸਬੰਧੀ ਕਾਨੂੰਨ ਨੂੰ ਫਿਰ ਤੋਂ ਪੇਸ਼ ਕੀਤਾ ਗਿਆ ਸੀ ਜਾਂ ਫ਼ੈਡਰਲ ਕਾਨੂੰਨ ਵਲੋਂ ਸੁਰੱਖਿਅਤ ਕੀਤਾ ਗਿਆ ਸੀ, ਇਸ ਵਿੱਚ ਭੇੜੀਏ ਅਤੇ ਪੰਛੀਆਂ ਦੇ ਸ਼ਿਕਾਰੀ ਸ਼ਾਮਲ ਹਨ, ਜਿਸਦੇ ਸਿੱਧੇ ਨਤੀਜੇ ਵਜੋਂ ਜਾਂ ਤਾਂ ਜ਼ਖ਼ਮੀ ਪਸ਼ੂਆਂ ਨੂੰ ਘੱਟ ਕੀਮਤ 'ਤੇ ਵੇਚਿਆ ਗਿਆ ਸੀ ਜਾਂ ਯੋਗ ਪਸ਼ੂਆਂ ਦੀ ਮੌਤ ਆਮ ਮ੍ਰਿਤੂ-ਦਰ ਨਾਲੋਂ ਵੱਧ ਹੈ।

## ਭੁਗਤਾਨ

### ਪਸ਼ੂਆਂ ਦੀ ਮੌਤ ਨਾਲ ਹੋਏ ਨੁਕਸਾਨ

ਪਸ਼ੂਆਂ ਦੀ ਮੌਤ ਨਾਲ ਹੋਏ ਨੁਕਸਾਨ ਲਈ LIP ਭੁਗਤਾਨ ਨੂੰ ਆਮ ਮ੍ਰਿਤੂ-ਦਰ ਨਾਲ ਤਰਤੀਬ ਦੇਕੇ, ਉਸ ਸ਼੍ਰੇਣੀ ਦੇ ਸਮਿਆਂ 'ਤੇ ਉਤਪਾਦਕ ਦੇ ਹਿੱਸੇ ਨਾਲ ਯੋਗ ਪਸ਼ੂਆਂ ਦੀ ਗਿਣਤੀ ਰਾਹੀਂ ਢੁਕਵੇਂ ਪਸ਼ੂਆਂ ਦੀ ਸ਼੍ਰੇਣੀ ਲਈ ਰਾਸ਼ਟਰੀ ਭੁਗਤਾਨ ਦਰ ਨਾਲ ਗੁਣਾ ਕਰਕੇ ਹਿਸਾਬ ਲਾਉਂਦਾ ਹੈ। ਮੌਜੂਦਾ ਸਾਲ ਦੀਆਂ ਰਾਸ਼ਟਰੀ ਭੁਗਤਾਨ ਦੀਆਂ ਦਰਾਂ ਇਸ ਤੱਥ-ਸ਼ੀਟ ਦੇ ਅਖ਼ੀਰ 'ਤੇ ਦਿੱਤੀਆਂ ਗਈਆਂ ਹਨ।

ਪਸ਼ੂਆਂ ਦੇ ਯੋਗ ਮਾਲਕਾਂ ਲਈ LIP ਰਾਸ਼ਟਰੀ ਭੁਗਤਾਨ ਦਰ, ਸਾਰਣੀ 1 ਵਿੱਚ ਉਪਲਬਧ ਕਰਾਏ ਗਏ ਅਨੁਸਾਰ ਪਸ਼ੂਆਂ ਦੇ ਔਸਤ ਵਾਜਬ ਬਜ਼ਾਰ ਮੁੱਲ ਦੇ 75 ਫ਼ੀਸਦ 'ਤੇ ਅਧਾਰਤ ਹੈ।

ਯੋਗ ਪਸ਼ੂਆਂ ਸਬੰਧੀ ਕੰਟ੍ਰੇਕਟ ਉਤਪਾਦਕਾਂ ਲਈ LIP ਰਾਸ਼ਟਰੀ ਭੁਗਤਾਨ ਦਰ, ਸਾਰਣੀ 2 ਵਿੱਚ ਉਪਲਬਧ ਕਰਾਏ ਗਏ ਅਨੁਸਾਰ ਪਸ਼ੂਆਂ ਦੀ ਮੌਤ ਦੇ ਸਬੰਧ ਵਿੱਚ ਕੰਟ੍ਰੇਕਟ ਉਤਪਾਦਕਾਂ ਵਲੋਂ ਨੁਕਸਾਨ ਬਰਦਾਸ਼ਤ ਕਰਨ ਦੀ ਔਸਤ ਆਮਦਨ ਦੇ ਨੁਕਸਾਨ ਦੇ 75 ਫ਼ੀਸਦ 'ਤੇ ਅਧਾਰਤ ਹੈ।

ਇਕਰਾਰਨਾਮੇ ਹੇਠ ਪਸ਼ੂਆਂ ਦੀ ਮੌਤ ਨਾਲ ਹੋਣ ਵਾਲੀ ਆਮਦਨ ਵਿੱਚ ਹੋਏ ਨੁਕਸਾਨ ਲਈ ਮਾਲਕ ਤੋਂ ਮਿਲਣ ਵਾਲੇ ਮਾਲੀ ਮੁਆਵਜ਼ੇ ਦੀ ਰਕਮ ਵਿੱਚੋਂ ਕੰਟ੍ਰੇਕਟ ਉਤਪਾਦਕ ਦਾ LIP ਭੁਗਤਾਨ ਘਟ ਜਾਏਗਾ।

### ਜ਼ਖ਼ਮੀ ਪਸ਼ੂ

ਯੋਗ ਪਸ਼ੂਆਂ ਦੇ ਮਾਲਕਾਂ ਲਈ ਜ਼ਖ਼ਮੀ ਪਸ਼ੂ, ਜਿਹਨਾਂ ਨੂੰ ਯੋਗ ਅਤਿ ਦੇ ਖ਼ਰਾਬ ਮੌਸਮ ਦੀ ਘਟਨਾ ਜਾਂ ਯੋਗ ਹਮਲੇ ਕਰਕੇ ਘੱਟ ਕੀਮਤ 'ਤੇ ਵੇਚਿਆ ਗਿਆ ਹੈ, ਲਈ LIP ਭੁਗਤਾਨ ਦਾ ਢੁਕਵੇਂ ਪਸ਼ੂਆਂ ਦੀ ਸ਼੍ਰੇਣੀ ਲਈ ਰਾਸ਼ਟਰੀ ਭੁਗਤਾਨ ਦਰ ਨਾਲ ਗੁਣਾ ਕਰਕੇ ਹਿਸਾਬ ਲਾਇਆ ਜਾਂਦਾ ਹੈ, ਇਸ ਵਿੱਚ ਉਹ ਰਕਮ ਸ਼ਾਮਲ ਨਹੀਂ ਹੁੰਦੀ, ਜੋ ਉਸ ਸ਼੍ਰੇਣੀ ਦੇ ਸਮਿਆਂ 'ਤੇ ਉਤਪਾਦਕ ਦੇ ਹਿੱਸੇ ਵਿੱਚ ਯੋਗ ਪਸ਼ੂਆਂ ਦੇ ਮਾਲਕ ਨੂੰ ਮਿਲਦੀ ਹੈ। ਜੇ ਜ਼ਖ਼ਮੀ ਯੋਗ ਪਸ਼ੂ, ਢੁਕਵੇਂ ਪਸ਼ੂਆਂ ਦੀ ਸ਼੍ਰੇਣੀ ਲਈ ਰਾਸ਼ਟਰੀ ਭੁਗਤਾਨ ਦਰ ਨਾਲੋਂ ਵੱਧ 'ਤੇ ਵੇਚੇ ਗਏ ਹਨ, ਤਾਂ ਇਸ ਲਈ ਕੋਈ ਭੁਗਤਾਨ ਮਿਲਦਾ।

### ਭੁਗਤਾਨ ਸੀਮਾਂਵਾਂ ਅਤੇ ਸਮਾਯੋਜਿਤ ਕੁਲ ਆਮਦਨ (AGI)

2017 ਅਤੇ ਪ੍ਰੋਗਰਾਮ ਦੇ ਆਉਣ ਵਾਲੇ ਸਾਲਾਂ ਲਈ, ਪ੍ਰਤੀ ਵਿਅਕਤੀ ਜਾਂ ਕਾਨੂੰਨੀ ਸੰਸਥਾ ਦੇ ਪ੍ਰੋਗਰਾਮ ਸਾਲ ਦੇ ਭੁਗਤਾਨ ਸੀਮਾ ਨਹੀਂ ਹੈ।

ਜੇ ਵਿਅਕਤੀ ਜਾਂ ਸੰਸਥਾ ਦੀ ਔਸਤ AGI $900,000 ਤੋਂ ਵੱਧ ਹੈ, ਤਾਂ ਤਰਤੀਬ ਦੇਕੇ ਸਮਾਯੋਜਿਤ ਕੁਲ ਆਮਦਨ ਦਾ ਮੁਲਾਂਕਣ ਕਰਨ ਲਈ ਇੱਕ ਵਿਅਕਤੀ ਜਾਂ ਸੰਸਥਾ LIP ਹੇਠ ਭੁਗਤਾਨ ਲਈ ਅਯੋਗ ਹੈ।

ਸਿੱਧੇ ਅਖ਼ਤਿਆਰ ਸਬੰਧੀ ਪ੍ਰਬੰਧ LIP 'ਤੇ ਲਾਗੂ ਹੁੰਦੇ ਹਨ। ਸਿੱਧੇ ਅਖ਼ਤਿਆਰ ਹੇਠ AGI ਪ੍ਰਬੰਧ, ਭੁਗਤਾਨ ਲਈ ਅਪਲਾਈ ਕਰ ਰਹੇ ਵਿਅਕਤੀ ਜਾਂ ਕਾਨੂੰਨੀ ਸੰਸਥਾ ਦੇ ਨਾਲ ਹੀ ਕਾਨੂੰਨੀ ਸੰਸਥਾ ਵਿੱਚ ਜਾਂ ਉਪ-ਸੰਸਥਾ ਵਿੱਚ ਦਿਲਚਸਪੀ ਵਿਖਾਉਣ ਵਾਲੇ ਲੋਕਾਂ ਜਾਂ ਕਾਨੂੰਨੀ ਸੰਸ਼ਥਾਵਾਂ 'ਤੇ ਲਾਗੂ ਹੁੰਦੇ ਹਨ।

ਭੁਗਤਾਨ ਸੀਮਾਂਵਾਂ ਬਾਰੇ ਹੋਰ ਜਾਣਕਾਰੀ ਲਈ www.fsa.usda.gov/ limits 'ਤੇ ਜਾਓ।

## LIP ਲਈ ਅਪਲਾਈ ਕਰਨਾ

ਮਾਲਕ ਜਾਂ ਕੰਟ੍ਰੇਕਟ ਉਤਪਾਦਕ LIP ਲਾਭ ਪ੍ਰਾਪਤ ਕਰਨ ਲਈ ਸਥਾਨਕ FSA ਦਫ਼ਤਰਾਂ ਵਿਖੇ ਅਪਲਾਈ ਕਰ ਸਕਦੇ ਹਨ।

ਮਾਲਕਾਂ ਜਾਂ ਕੰਟ੍ਰੇਕਟ ਉਤਪਾਦਕਾਂ, ਜਿਹਨਾਂ ਨੂੰ ਨੁਕਸਾਨ ਦੇ ਯੋਗ ਕਾਰਣ ਕਰਕੇ ਪਸ਼ੂਆਂ ਦਾ ਨੁਕਸਾਨ ਹੋਇਆ ਹੈ, ਨੂੰ ਸਥਾਨਕ FSA ਦਫ਼ਤਰ ਵਿੱਚ ਨੁਕਸਾਨ ਦਾ ਨੋਟਿਸ ਅਤੇ ਭੁਗਤਾਨ ਲਈ ਅਰਜ਼ੀ ਜ਼ਰੂਰ ਜਮ੍ਹਾ ਕਰਨੀ ਚਾਹੀਦੀ ਹੈ, ਜੋ ਅਸਲ ਥਾਂ ਵਾਲੀ ਕਾਉਂਟੀ ਵਿੱਚ ਦਿੱਤੀ ਜਾਂਦੀ ਹੈ, ਜਿੱਥੇ ਪਸ਼ੂਆਂ ਦਾ ਨੁਕਸਾਨ ਹੋਇਆ ਹੈ। ਯੋਗਤਾ ਦਾ ਨਿਰਣਾ ਕਰਨ ਲੱਗਿਆਂ, ਕੈਲੰਡਰ ਸਾਲ ਲਈ ਉਸ ਕਾਉਂਟੀ ਵਿੱਚ ਯੋਗ ਪਸ਼ੂਆਂ ਦੀ ਸੂਚੀ ਵਿੱਚ ਮਾਲਕ ਜਾਂ ਕੰਟ੍ਰੇਕਟ ਉਤਪਾਦਕ ਦੀਆਂ ਸਾਰੀਆਂ ਦਿਲਚਸਪੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਸਾਰ ਪੇਸ਼ ਕਰਨਾ ਚਾਹੀਦਾ ਹੈ।

ਮਾਲਕ ਜਾਂ ਕੰਟ੍ਰੇਕਟ ਉਤਪਾਦਕ ਨੂੰ ਪਸ਼ੂਆਂ ਦੇ ਨੁਕਸਾਨ ਦਾ ਪਹਿਲੀ ਵਾਰੀ ਪਤਾ ਲੱਗਣ ਦੇ 30 ਕੈਲੰਡਰ ਦਿਨਾਂ ਦੇ ਅੰਦਰ ਨੁਕਸਾਨ ਦਾ ਨੋਟਿਸ ਜ਼ਰੂਰ ਦਾਇਰ ਕਰਨਾ ਚਾਹੀਦਾ ਹੈ, ਇਸਦੇ ਨਾਲ ਹੀ ਜਿਸ ਕੈਲੰਡਰ ਸਾਲ ਵਿੱਚ ਯੋਗ ਨੁਕਸਾਨ ਦੀ ਸਥਿਤੀ ਵਾਪਰੀ ਸੀ, ਦੇ ਖ਼ਤਮ ਹੋਣ ਤੋਂ ਬਾਅਦ 60 ਕੈਲੰਡਰ ਦਿਨਾਂ ਦੇ ਅੰਦਰ ਭੁਗਤਾਨ ਲਈ ਅਰਜ਼ੀ ਦਾਇਰ ਕਰਨੀ ਚਾਹੀਦੀ ਹੈ।

2021 LIP ਨੁਕਸਾਨਾਂ ਲਈ ਪਸ਼ੂਆਂ ਦੇ ਮਾਲਕ ਅਤੇ ਕੰਟ੍ਰੇਕਟ ਉਤਪਾਦਕ, ਜਿੱਥੇ ਨੁਕਸਾਨ ਹੋਇਆ ਸੀ, ਅਸਲ ਥਾਂ ਵਾਲੀ ਕਾਉਂਟੀ ਵਿੱਚ 2021 LIP ਲਾਭਾਂ ਲਈ ਅਪਲਾਈ ਕਰ ਸਕਦੇ ਹਨ।

ਭੁਗਤਾਨ ਲਈ ਨੁਕਸਾਨ ਦਾ ਨੋਟਿਸ ਅਤੇ ਅਰਜ਼ੀ ਦਾਇਰ ਕਰਨ ਦੀ ਅੰਤਮ ਤਾਰੀਖ਼ਾਂ ਹੇਠਾਂ ਦਿੱਤੇ ਸਾਰਣੀ ਵਿੱਚ ਦਿੱਤੀਆਂ ਗਈਆਂ ਹਨ:

| ਪਸ਼ੂਆਂ ਦੀ ਮੌਤ ਅਤੇ/ਜਾਂ ਜ਼ਖ਼ਮੀ ਹੋਣ ਦੀ ਤਾਰੀਖ਼ | ਨੁਕਸਾਨ ਦਾ ਨੋਟਿਸ ਦਾਇਰ ਕਰਨ ਦੀ ਅੰਤਮ ਤਾਰੀਖ਼ | ਭੁਗਤਾਨ ਲਈ ਅਰਜ਼ੀ ਦਾਇਰ ਕਰਨ ਦੀ ਅੰਤਮ ਤਾਰੀਖ਼ |
|---|---|---|
| ਕੈਲੰਡਰ ਸਾਲ 2019 ਅਤੇ ਆਉਣ ਵਾਲੇ ਸਾਰੇ ਸਾਲ। | 30 ਕੈਲੰਡਰ ਦਿਨਾਂ ਤੱਕ ਜਦੋਂ ਹਿੱਸਾ ਲੈਣ ਵਾਲੇ ਨੂੰ ਨੁਕਸਾਨ ਦਾ ਪਹਿਲੀ ਵਾਰੀ ਪਤਾ ਲੱਗਣ ਦੇ | ਜਿਸ ਕੈਲੰਡਰ ਸਾਲ ਵਿੱਚ ਯੋਗ ਨੁਕਸਾਨ ਦੀ ਸਥਿਤੀ ਵਾਪਰੀ ਸੀ, ਤੋਂ ਬਾਅਦ 60 ਦਿਨ |

ਯੋਗ ਨੁਕਸਾਨ ਦੀ ਸਥਿਤੀ ਕਰਕੇ ਜ਼ਖ਼ਮੀ ਹੋਏ ਪਸ਼ੂਆਂ ਨਾਲ ਹੋਏ ਨੁਕਸਾਨਾਂ ਲਈ ਪਸ਼ੂਆਂ ਦੇ ਯੋਗ ਮਾਲਕਾਂ ਤੋਂ ਮਿਲੀਆਂ ਅਰਜ਼ੀਆਂ 'ਤੇ ਕਾਰਵਾਈ ਕੀਤੀ ਜਾਏਗੀ ਅਤੇ ਇਸ ਤੱਥ ਸ਼ੀਟ ਵਿੱਚ ਦੱਸੇ ਗਏ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

ਪੋਲਟਰੀ ਜਾਂ ਸੂਰਾਂ ਸਬੰਧੀ ਕੰਟ੍ਰੇਕਟ ਉਤਪਾਦਕਾਂ ਨੂੰ ਉਤਪਾਦਕ ਦੇ ਇਕਰਾਰਨਾਮੇ ਦੀ ਕਾੱਪੀ ਅਤੇ ਯੋਗਤਾ ਦਾ ਨਿਰਣਾ ਕਰਨ ਲਈ ਲੋੜੀਂਦੇ ਕੋਈ ਹੋਰ ਸਹਾਇਕ ਦਸਤਾਵੇਜ਼ ਜ਼ਰੂਰ ਜਮ੍ਹਾ ਕਰਨੇ ਚਾਹੀਦੇ ਹਨ। ਮਾਲਕਾਂ ਲਈ ਜ਼ਰੂਰਤਾਂ ਵਾਂਗ, ਨੁਕਸਾਨ ਦਾ ਸਬੂਤ, ਸੂਚੀ ਵਿੱਚ ਪਸ਼ੂਆਂ ਦੀ ਮੌਜੂਦਾ ਅਸਲ ਥਾਂ ਅਤੇ ਮੌਤ ਦੇ ਸਮੇਂ 'ਤੇ ਪਸ਼ੂਆਂ ਦੀ ਥਾਂ ਦੇ ਸਹਾਇਕ ਦਸਤਾਵੇਜ਼ ਜ਼ਰੂਰ ਵਿਖਾਉਣੇ ਚਾਹੀਦੇ ਹਨ।



## ਪਸ਼ੂਆਂ ਦੇ ਨੁਕਸਾਨ ਸਬੰਧੀ ਦਸਤਾਵੇਜ਼

ਪਸ਼ੂਆਂ ਦੇ ਮਾਲਕਾਂ ਅਤੇ ਕੰਟ੍ਰੇਕਟ ਉਤਪਾਦਕਾਂ ਨੂੰ ਸਾਰੇ ਪਸ਼ੂਆਂ ਦੀ ਸਾਰੀ ਢੁਕਵੀਂ ਜਾਣਕਾਰੀ (ਤਦਾਦ ਅਤੇ ਕਿਸਮ ਸ਼ਾਮਲ ਹੁੰਦੀ ਹੈ) ਜ਼ਰੂਰ ਦਰਜ ਕਰਨੀ ਚਾਹੀਦੀ ਹੈ ਅਤੇ ਜੋ ਇੱਕ ਯੋਗ ਨੁਕਸਾਨ ਦੀ ਸਥਿਤੀ ਜਾਂ ਤਾਂ ਮੌਤਾਂ ਕਰਕੇ ਨੁਕਸਾਨ ਜਾਂ ਸੱਟ ਲੱਗਣੀ ਅਤੇ ਜ਼ਖ਼ਮੀ ਪਸ਼ੂਆਂ ਨੂੰ ਘੱਟ ਕੀਮਤ 'ਤੇ ਵੇਚਣ ਦੇ ਨਤੀਜੇ ਵਜੋਂ ਬਹੁਤ ਮਾੜਾ ਅਸਰ ਪੈਂਦਾ ਹੈ।

ਮਾਲਕ, ਜਿਹਨਾਂ ਦੇ ਪਸ਼ੂ ਯੋਗ ਅਤਿ ਦੇ ਖ਼ਰਾਬ ਮੌਸਮ ਦੀ ਘਟਨਾ ਜਾਂ ਯੋਗ ਹਮਲੇ ਕਰਕੇ ਜ਼ਖ਼ਮੀ ਹੋਏ ਸੀ, ਨੂੰ ਵੇਖਦਿਆਂ ਜ਼ਖ਼ਮੀ ਪਸ਼ੂਆਂ ਨੂੰ ਘੱਟ ਕੀਮਤ 'ਤੇ ਵੇਚਿਆ ਸੀ, ਨੂੰ ਪਸ਼ੂਆਂ ਨੂੰ ਘੱਟ ਕੀਮਤ 'ਤੇ ਵੇਚਣ ਦਾ ਪੁਸ਼ਟੀ ਕਰਨ ਵਾਲਾ ਸਬੂਤ ਜ਼ਰੂਰ ਮੁਹੱਈਆ ਕਰਨਾ ਚਾਹੀਦਾ ਹੈ। ਜ਼ਖ਼ਮੀ ਪਸ਼ੂਆਂ ਨੂੰ ਸੁਤੰਤਰ ਤੀਜੀ ਧਿਰ (ਜਿਵੇਂ ਚਾਰੇ ਦੀ ਵਿਕਰੀ, ਬੁੱਚੜਖ਼ਾਨੇ ਦੀ ਸਹੂਲਤ ਜਾਂ ਸੌਂਪਣ ਦੀ ਸਹੂਲਤ) ਨੂੰ ਹੀ ਵੇਚਿਆ ਜਾਣਾ ਚਾਹੀਦਾ ਹੈ।

ਦਸਤਾਵੇਜ਼, ਜੋ ਪਸ਼ੂਆਂ ਨੂੰ ਘੱਟ ਕੀਮਤ 'ਤੇ ਵੇਚੇ ਜਾਣ ਦੇ ਪੁਸ਼ਟੀ ਕਰਨ ਵਾਲੇ ਸਬੂਤ ਮੁਹੱਈਆ ਕਰ ਸਕਦੇ ਹਨ, ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ:

- ਪਸ਼ੂਆਂ ਦੀ ਨਿਲਾਮੀ, ਚਾਰੇ ਦੀ ਵਿਕਰੀ ਤੋਂ ਪ੍ਰਾਪਤ ਵਿਕਰੀ ਦੀਆਂ ਰਸੀਦਾਂ ਜਾਂ
- ਪਸ਼ੂਆਂ ਦੀ ਵਿਕਰੀ ਸਬੰਧੀ ਹੋਰ ਇਹੋ ਜਿਹੀਆਂ ਸਹੂਲਤਾਂ
- ਸੌਂਪਣ ਦੀ ਸਹੂਲਤ ਦੀਆਂ ਰਸੀਦਾਂ
- ਪ੍ਰੋਸੈਸਿੰਗ ਪਲਾਂਟ ਦੀਆਂ ਰਸੀਦਾਂ

ਜ਼ਖ਼ਮੀ ਪਸ਼ੂਆਂ ਦੀ ਵਿਕਰੀ ਲਈ ਦਸਤਾਵੇਜ਼ ਵਿੱਚ, ਵੇਚੇ ਗਏ ਜਾਨਵਰ ਦੀ ਕੀਮਤ ਦੇ ਨਾਲ ਹੀ ਪਸ਼ੂਆਂ ਦੀ ਨਸਲ, ਕਿਸਮ ਅਤੇ ਵੇਚੇ ਗਏ ਭਾਰ ਦੀ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ।

FSA ਯੋਗਤਾ ਨਿਰਧਾਰਤ ਕਰਨ ਲਈ ਬਿਨੈਕਾਰ ਵਲੋਂ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਕਰੇਗੀ। ਲੋੜੀਂਦੀ ਜਾਣਕਾਰੀ ਦੇਣਾ ਸਵੈ-ਇੱਛਕ ਹੈ; ਹਾਲਾਂਕਿ ਸਾਰੀ ਲੋੜੀਂਦੀ ਜਾਣਕਾਰੀ ਤੋਂ ਬਿਨਾ, ਪ੍ਰੋਗਰਾਮ ਦੇ ਲਾਭ ਮਨਜ਼ੂਰ ਜਾਂ ਪ੍ਰਦਾਨ ਨਹੀਂ ਕੀਤੇ ਜਾਣਗੇ।

## ਹੋਰ ਜਾਣਕਾਰੀ ਲਈ

ਇਹ ਤੱਥ ਪੱਤਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਯੋਗਤਾ ਸ਼ਰਤਾਂ ਜਾਂ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। FSA ਤਬਾਹੀ ਸਹਾਇਤਾ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਲਈ farmers.gov 'ਤੇ ਜਾਓ ਜਾਂ ਆਪਣੇ ਸਥਾਨਕ FSA ਦਫ਼ਤਰ ਨਾਲ ਸੰਪਰਕ ਕਰੋ। **ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ,** farmers.gov/service-center-locator ਤੇ ਜਾਓ।

**ਸਾਰਣੀ 1: ਯੋਗ ਪਸ਼ੂਆਂ ਦੇ ਮਾਲਕਾਂ ਲਈ LIP ਭੁਗਤਾਨ ਦੀਆਂ ਦਰਾਂ (ਲੋੜ ਅਨੁਸਾਰ ਕੀਮਤਾਂ 75% ਤੱਕ ਘੱਟ ਕੀਤੀਆਂ ਗਈਆਂ ਹਨ)**

| ਨਸਲ | ਕਿਸਮ | ਵਜ਼ਨ ਦੀ ਸ਼੍ਰੇਣੀ | 2021 ਪ੍ਰਤੀ ਪਸ਼ੂ ਭੁਗਤਾਨ ਦਰ |
|---|---|---|---|
| **ਅਲਪਾਕਾ** | | | $283.33 |
| **ਬੀਫ** | ਬਾਲਗ | ਸਾਨ੍ਹ | $1,195.31 |
| | | ਗਾਂ | $919.47 |
| | ਨਾਬਾਲਗ | 250 ਪਾਉਂਡ ਤੋਂ ਘੱਟ | $163.15 |
| | | 250 ਤੋਂ 399 ਪੌਂਡ | $441.56 |
| | | 400 ਤੋਂ 799 ਪੌਂਡ | $609.53 |
| | | 800 ਪਾਉਂਡ ਜਾਂ ਵੱਧ | $1,015.88 |
| **ਬੀਫ਼ੈਲੋ** | ਬਾਲਗ | ਸਾਨ੍ਹ | $1,453.19 |
| | | ਗਾਂ | $1,159.95 |
| | ਨਾਬਾਲਗ | 250 ਪਾਉਂਡ ਤੋਂ ਘੱਟ | $234.56 |
| | | 250 ਤੋਂ 399 ਪੌਂਡ | $586.99 |
| | | 400 ਤੋਂ 799 ਪੌਂਡ | $861.94 |
| | | 800 ਪਾਉਂਡ ਜਾਂ ਵੱਧ | $1,280.62 |
| | | ਗਾਂ | $1,560.75 |
| **ਮੱਝ/ਜੰਗਲੀ ਸਾਨ੍ਹ** | ਬਾਲਗ | ਸਾਨ੍ਹ | $1,882.98 |
| | | ਗਾਂ | $1,560.75 |
| | ਨਾਬਾਲਗ | 250 ਪਾਉਂਡ ਤੋਂ ਘੱਟ | $353.58 |
| | | 250 ਤੋਂ 399 ਪੌਂਡ | $586.99 |
| | | 400 ਤੋਂ 799 ਪੌਂਡ | $1,282.63 |
| | | 800 ਪਾਉਂਡ ਜਾਂ ਵੱਧ | $1,721.86 |
| | | 800 ਪਾਉਂਡ ਜਾਂ ਵੱਧ | $1,767.63 |
| **ਰੇਂਡੀਅਰ (ਕੈਰੀਬੂ)** | ਸਾਰੇ | | $382.60 |
| **ਚਿਕਨ** | ਬ੍ਰਾੱਇਲਰ/ ਪੱਠੀਆਂ ਕੁਕੜੀਆਂ (ਆਮ ਅਕਾਰ) | 4.26 ਤੋਂ 6.25 ਪੌਂਡ | $2.12 |
| | ਚਿਕਨ | | $0.19 |
| | ਸਿਰਫ਼ ਆਂਡੇ ਦੇਣ ਵਾਲੀਆਂ ਕੁਕੜੀਆਂ (ਲੇਅਰਸ) | | $4.00 |
| | ਪੱਠੀਆਂ ਕੁਕੜੀਆਂ /ਕੌਰਨਿਸ਼ ਕੁਕੜੀਆਂ (ਛੋਟਾ ਅਕਾਰ) | 4.26 ਪਾਉਂਡ ਤੋਂ ਘੱਟ | $1.43 |
| | ਰੋਸਟਰ | 6.26 ਤੋਂ 7.75 ਪੌਂਡ | $2.70 |
| | ਸੁਪਰ ਰੋਸਟਰ/ਅੰਗ | 7.76 ਪਾਉਂਡ ਜਾਂ ਵੱਧ | $3.55 |
| **ਡੇਅਰੀ** | ਬਾਲਗ | ਸਾਨ੍ਹ | $1,042.76 |
| | | ਗਾਂ | $975.00 |
| | ਨਾਬਾਲਗ | 250 ਪਾਉਂਡ ਤੋਂ ਘੱਟ | $43.24 |
| | | 250 ਤੋਂ 399 ਪੌਂਡ | $243.75 |
| | | 400 ਤੋਂ 799 ਪੌਂਡ | $487.50 |
| | | 800 ਪਾਉਂਡ ਜਾਂ ਵੱਧ | $739.59 |

## ਸਾਰਣੀ 1: ਯੋਗ ਪਸ਼ੂਆਂ ਦੇ ਮਾਲਕਾਂ ਲਈ LIP ਭੁਗਤਾਨ ਦੀਆਂ ਦਰਾਂ (ਲੋੜ ਅਨੁਸਾਰ ਕੀਮਤਾਂ 75% ਤੱਕ ਘੱਟ ਕੀਤੀਆਂ ਗਈਆਂ ਹਨ)

| ਨਸਲ | ਕਿਸਮ | ਵਜ਼ਨ ਦੀ ਸ਼੍ਰੇਣੀ | 2021 ਪ੍ਰਤੀ ਪਸ਼ੂ ਭੁਗਤਾਨ ਦਰ |
|---|---|---|---|
| **ਹਿਰਨ** | ਸਾਰੇ | | $382.60 |
| **ਬਤਖ਼ਾਂ** | ਬਤਖ਼ ਦੇ ਚੂਚੇ | | $0.68 |
| | ਬਤਖ਼ਾਂ | | $4.24 |
| **ਬਾਰਾਸਿੰਗਾ** | | | $531.09 |
| **ਈਮੂ** | | | $152.61 |
| **ਈਕੁਆਈਨ (ਘੋੜੇ ਵਰਗਾ ਜਾਨਵਰ)** | | | $648.61 |
| **ਹੰਸ** | ਹੰਸ | | $24.91 |
| | ਛੋਟੀ ਬਤਖ਼ | | $5.23 |
| **ਬਕਰੀਆਂ** | ਬਾਰਾਸਿੰਗੇ ਵਰਗੇ ਬਕਰੇ | | $229.35 |
| | ਬਕਰੀਆਂ | | $148.52 |
| | ਬੁੱਚੜਖ਼ਾਨੇ ਲਈ ਬਕਰੀਆਂ/ਮੇਮਨੇ | | $100.63 |
| **ਲਾਮਾ** | | | $229.02 |
| **ਸ਼ੁਤਰਮੁਰਗ਼** | | | $648.00 |
| **ਰੇਂਡੀਅਰ** | | | $382.60 |
| **ਭੇਡ** | ਭੇਡ (ਈਵਜ਼) | | $144.80 |
| | ਲੇਲਾ | | $169.39 |
| | ਦੁੰਬਾ | | $399.14 |
| **ਸੂਰ** | ਦੁੱਧ ਚੁੰਘਣ ਵਾਲੇ ਨਰਸਰੀ ਦੇ ਛੋਟੇ ਸੂਰ | 50 ਪਾਉਂਡ ਤੋਂ ਘੱਟ | $28.57 |
| | ਹਲਕੇ ਖੱਸੀ ਸੂਰ, ਛੋਟੀ ਸੂਰੀ | 50 ਤੋਂ 150 ਪੌਂਡ | $52.22 |
| | ਸੂਰੀ, ਜੰਗਲੀ ਸੂਰ, ਖੱਸੀ ਸੂਰ, ਛੋਟੀ ਸੂਰੀ | 151 ਤੋਂ 450 ਪੌਂਡ | $75.86 |
| | ਜੰਗਲੀ ਸੂਰ, ਸੂਰੀ | 450 ਪਾਉਂਡ ਜਾਂ ਵੱਧ | $112.32 |
| **ਟਰਕੀਸ** | ਕੁਕੜੀਆਂ | | $3.71 |
| | ਟੋਮਜ਼, ਫ਼੍ਰਾਇਰ, ਰੋਸਟਰ | | $18.00 |

| ਸਾਰਣੀ 2: ਪਸ਼ੂਆਂ ਦੇ ਯੋਗ ਕੰਟ੍ਰੈਕਟ ਉਤਪਾਦਕਾਂ ਲਈ LIP ਭੁਗਤਾਨ ਦੀਆਂ ਦਰਾਂ (ਲੋੜ ਅਨੁਸਾਰ ਕੀਮਤਾਂ 75% ਤੱਕ ਘੱਟ ਕੀਤੀਆਂ ਗਈਆਂ ਹਨ) | | | |
|---|---|---|---|
| **ਨਸਲ** | **ਕਿਸਮ** | **ਵਜ਼ਨ ਦੀ ਸ਼੍ਰੇਣੀ** | **2021 ਪ੍ਰਤੀ ਪਸ਼ੂ ਭੁਗਤਾਨ ਦਰ** |
| **ਚਿਕਨ** | ਬ੍ਰੌਇਲਰ, ਪੱਠੀਆਂ ਕੁਕੜੀਆਂ (ਆਮ | 4.26 ਤੋਂ 6.25 ਪੌਂਡ | $0.23 |
| | ਚਿਕਨ | | $0.16 |
| | ਸਿਰਫ਼ ਆਂਡੇ ਦੇਣ ਵਾਲੀਆਂ ਕੁਕੜੀਆਂ | | $0.24 |
| | ਪੱਠੀਆਂ ਕੁਕੜੀਆਂ, ਕੌਰਨਿਸ਼ ਕੁਕੜੀਆਂ (ਛੋਟਾ ਅਕਾਰ) | 4.26 ਪਾਉਂਡ ਤੋਂ ਘੱਟ | $0.16 |
| | ਰੋਸਟਰ | 6.26 ਤੋਂ 7.75 ਪੌਂਡ | $0.30 |
| | ਸੁਪਰ ਰੋਸਟਰ/ਅੰਗ | 7.76 ਪਾਉਂਡ ਜਾਂ ਵੱਧ | $0.39 |
| **ਬਤਖ਼ਾਂ** | ਬਤਖ਼ਾਂ | | $0.47 |
| | ਬਤਖ਼ ਦੇ ਚੂਚੇ | | $0.47 |
| **ਹੰਸ** | | | $2.74 |
| **ਸੂਰ** | ਦੁੱਧ ਚੁੰਘਣ ਵਾਲੇ ਨਰਸਰੀ ਦੇ ਛੋਟੇ ਸੂਰ | 50 ਪਾਉਂਡ ਤੋਂ ਘੱਟ | $3.25 |
| | ਹਲਕੇ ਖੱਸੀ ਸੂਰ, ਛੋਟੀ ਸੂਰੀ | 50 ਤੋਂ 150 ਪੌਂਡ | $7.84 |
| | ਸੂਰੀ, ਜੰਗਲੀ ਸੂਰ, ਖੱਸੀ ਸੂਰ, ਛੋਟੀ ਸੂਰੀ | 151 ਤੋਂ 450 ਪੌਂਡ | $11.39 |
| | ਜੰਗਲੀ ਸੂਰ, ਸੂਰੀ | 451 ਪਾਉਂਡ ਜਾਂ ਵੱਧ | $46.16 |
| **ਟਰਕੀਸ** | ਕੁਕੜੀਆਂ | | $0.41 |
| | ਟੋਮਜ਼, ਫ੍ਰਾਇਰ, ਰੋਸਟਰ | | $1.98 |